## ਪੰਜਾਬੀ ਯੂਨੀਵਰਸਿਟੀ, ਪਟਿਆਲਾ

(1961 ਦੇ ਪੰਜਾਬ ਐਕਟ ਨੰ 35 ਤਹਿਤ ਸਥਾਪਿਤ)

**ਕਾਲਜ ਸੈਕਸ਼ਨ**

ਨੰ. 2071 /ਕਾਲਜ/ਸ-5
ਮਿਤੀ: 06-08-2026

**ਵੱਲ: ਯੂਨੀਵਰਸਿਟੀ ਨਾਲ ਸੰਬੰਧਤ ਸਮੂਹ ਕਾਲਜਾਂ ਦੇ**
**ਚੇਅਰਮੈਨ / ਪ੍ਰਿੰਸੀਪਲ ਸਾਹਿਬਾਨਾਂ ਨੂੰ**
**(Through E-mail & Portal)**

**ਵਿਸ਼ਾ: ਗੈਰ-ਸਰਕਾਰੀ ਕਾਲਜਾਂ ਵੱਲੋਂ ਯੂਨੀਵਰਸਿਟੀ ਪਾਸ ਇੰਡੋਮੈਂਟ ਫੰਡ ਵਜੋਂ ਰੱਖੀ ਜਾਂਦੀ ਐੱਫ.ਡੀ.ਆਰ. ਦੀ ਰਾਸ਼ੀ ਸੰਬੰਧੀ।**

**ਹਵਾਲਾ: 1. ਪੱਤਰ ਨੰ 1474/ਕਾਲਜਾਂ/ਸ-3 ਮਿਤੀ 21-05-2026**
**2. ਪੱਤਰ ਨੰ 186/DCDC ਮਿਤੀ 22-07-2026**

ਉਪਰੋਕਤ ਵਿਸ਼ੇ ਸੰਬੰਧੀ ਸਮਰੱਥ ਪ੍ਰਾਧਿਕਰਨ ਵੱਲੋਂ ਹੋਏ ਆਦੇਸ਼ਾਂ ਅਨੁਸਾਰ, ਅਤੇ ਹਵਾਲੇ ਅਧੀਨ ਪਹਿਲਾਂ ਜਾਰੀ ਕੀਤੇ ਪੱਤਰਾਂ ਦੀ ਲਗਾਤਾਰਤਾ ਵਿਚ ਦੱਸਿਆ ਜਾਂਦਾ ਹੈ ਕਿ ਪੱਤਰ ਨੰ 1474/ਕਾਲਜਾਂ/ਸ-3 ਮਿਤੀ 21-05-2026 ਤਹਿਤ ਇੰਡੋਮੈਂਟ ਫੰਡ ਵਿਚ ਦਰਸਾਇਆ ਗਿਆ ਵਾਧਾ ਉਸ ਪੱਤਰ ਦੇ ਜਾਰੀ ਹੋਣ ਦੀ ਮਿਤੀ (ਭਾਵ 21-05-2026) ਤੋਂ ਬਾਅਦ ਨਵੇਂ ਹੋਂਦ ਵਿਚ ਆਉਣ ਵਾਲੇ ਕਾਲਜਾਂ ਤੇ ਲਾਗੂ ਰਹੇਗਾ ਅਤੇ ਪੱਤਰ ਜਾਰੀ ਹੋਣ ਦੀ ਮਿਤੀ ਤੋਂ ਪਹਿਲਾਂ ਤੋਂ ਚੱਲੇ ਆ ਰਹੇ ਕਾਲਜਾਂ ਵਿੱਚੋਂ ਜਿਨ੍ਹਾਂ ਕਾਲਜਾਂ ਦੀ ਇੰਡੋਮੈਂਟ ਫੰਡ ਵਜੋਂ ਕੁੱਲ ਰਾਸ਼ੀ ਪੰਜ ਲੱਖ ਰੁਪਏ ਤੋਂ ਘੱਟ ਹੈ, ਉਹਨਾਂ ਕਾਲਜਾਂ ਲਈ ਇੰਡੋਮੈਂਟ ਫੰਡ ਦੀ ਰਾਸ਼ੀ ਵਧਾ ਕੇ ਪੰਜ ਲੱਖ ਰੁਪਏ ਰੱਖੀ ਜਾਵੇਗੀ। ਪੰਜ ਲੱਖ ਰੁਪਏ ਵਜੋਂ ਇਹ ਵਾਧਾ ਸੰਬੰਧਤ ਕਾਲਜਾਂ ਦੀਆਂ ਚਲੰਤ FDRs ਵਿੱਚੋਂ ਸਭ ਤੋਂ ਨੇੜਲੀ FDR ਦੀ maturity ਦੀ ਮਿਤੀ ਤੋਂ ਲਾਗੂ ਹੋਵੇਗਾ।

ਜਿਨ੍ਹਾਂ ਕਾਲਜਾਂ ਵੱਲੋਂ ਇੰਡੋਮੈਂਟ ਫੰਡ ਵਿਚ ਪਹਿਲਾਂ ਜਾਰੀ ਸੋਧ (ਕ੍ਰਮਾਂਕ 1 ਤੇ ਦਰਜ ਪੱਤਰ ਅਨੁਸਾਰ) ਤਹਿਤ ਬਣਦੇ ਫਰਕ ਵਜੋਂ ਪੱਤਰ ਨੰ 186/DCDC ਮਿਤੀ 22-07-2026 ਦੀ ਲੋਅ ਵਿਚ 06 ਮਹੀਨੇ ਬਾਅਦ ਦਾ Post Dated Cheque ਜਮ੍ਹਾਂ ਕਰਵਾਇਆ ਗਿਆ ਹੈ, ਉਹ ਆਪਣਾ ਇਹ ਚੈੱਕ ਕਿਸੇ ਵੀ ਕੰਮਕਾਜੀ ਦਿਨ ਨੂੰ ਦਫ਼ਤਰ ਪਾਸੋਂ ਪ੍ਰਾਪਤ ਕਰ ਸਕਦੇ ਹਨ।

05/08/2026

**ਡੀਨ, ਕਾਲਜ ਵਿਕਾਸ ਕੌਂਸਲ**